*ਪੁਰੂਲੀਆ ਹਥਿਆਰ ਕਾਂਡ*

# ਸਰਕਾਰੀ ਦਹਿਸ਼ਤਗਰਦੀ ਦੀ ਮਿਸਾਲ

ਅਠਾਰਾਂ ਦਸੰਬਰ 1991 ਨੂੰ ਲਾਤਵੀਅਨ ਏਅਰਲਾਈਨ ਦਾ ਇਕ ਜਹਾਜ਼ ਕਰਾਚੀ ਤੋਂ ਚਲਿਆ ਤੇ ਬੰਬਈ ਰੁਕਿਆ। ਬੰਬਈ ਤੋਂ ਇਹ ਜਹਾਜ਼ ਬਨਾਰਸ ਤੇਲ ਪੁਆਉਣ ਲਈ ਰੁਕਿਆ। ਉਸਦੇ ਬਾਅਦ ਉਸਨੇ ਪੱਛਮੀ ਬੰਗਾਲ ਦੇ ਕਸਬੇ ਪੁਰੂਲੀਆ ਵਿਚ ਵੱਡੀ ਮਾਤਰਾ ਵਿਚ ਹਥਿਆਰ ਸੁੱਟੇ ਅਤੇ ਥਾਈਲੈਂਡ ਚਲਾ ਗਿਆ। ਇਨ੍ਹਾਂ ਹਥਿਆਰਾਂ ਵਿਚ ਆਟੋਮੈਟਿਕ ਰਾਇਫਲਾਂ, ਗਰਨੇਡ ਲਾਂਚਰ, ਐਂਟੀ ਟੈਂਕ ਮਿਜ਼ਾਈਲ ਅਤੇ ਹੋਰ ਕਈ ਤਰ੍ਹਾਂ ਦੇ ਮਾਰੂ ਹਥਿਆਰ ਸੀ। ਥਾਈਲੈਂਡ ਤੋਂ ਇਹ ਜਹਾਜ਼ ਵਾਪਸ ਕਰਾਚੀ ਜਾ ਰਿਹਾ ਸੀ ਕਿ ਬੰਗਾਲ ਦੀ ਖਾੜੀ ਵਿਚ ਤੂਫਾਨ ਆਇਆ ਹੋਣ ਕਰਕੇ ਇਸਨੂੰ ਮਦਰਾਸ ਵਿਚ ਮਜਬੂਰੀ ਵਿਚ ਉੱਤਰਨਾ ਪਿਆ।

ਜਹਾਜ਼ ਵਿਚ ਜਹਾਜ਼ ਦੇ ਅਮਲੇ ਦੇ ਇਲਾਵਾ ਕਿਮ ਡੇਵੀ ਅਤੇ ਪੀਟਰ ਬਲੀਚ ਨਾਂ ਦੇ ਬੰਦੇ ਵੀ ਸਨ। ਕਿਮ ਡੇਵੀ ਕਿਸੇ ਤਰੀਕੇ ਨਾਲ ਜਹਾਜ਼ ਤੋਂ ਗਾਇਬ ਹੋ ਗਿਆ ਪਰ ਪੀਟਰ ਬਲੀਚ ਫੜਿਆ ਗਿਆ ਅਤੇ ਉਸਨੂੰ ਸਜ਼ਾ ਹੋ ਗਈ ਸੀ। ਪਰ ਮਗਰੋਂ ਉਸਨੂੰ ਹਿੰਦੁਸਤਾਨ ਦੇ ਸਦਰ ਨੇ ਬਰਤਾਨਵੀ ਸਰਕਾਰ ਦੀ ਮੰਗ ਤੇ ਮੁਆਫ਼ੀ ਦੇ ਕੇ ਛੱਡ ਦਿਤਾ ਸੀ।

ਕੁਝ ਦਿਨ ਪਹਿਲਾਂ ਕਿਮ ਡੇਵੀ ਅਤੇ ਪੀਟਰ ਬਲੀਚ, ਦੋਹਾਂ ਨੇ, ਹਿੰਦੁਸਤਾਨ ਦੇ ਇਕ ਟੀ.ਵੀ ਚੈਨਲ ਨਾਲ ਗਲਬਾਤ ਵਿਚ ਖੁਲਾਸਾ ਕੀਤਾ ਹੈ ਕਿ ਇਹ ਸਾਰਾ ਕੰਮ ਬ੍ਰਿਟੇਨ ਦੀ ਖ਼ੁਫੀਆ ਏਜੰਸੀ ਐਮ ਆਈ ਫਾਈਵ, ਅਮਰੀਕਾ ਦੀਆਂ ਜਸੂਸੀ ਅਜੰਸੀਆਂ, ਪਾਕਿਸਤਾਨ ਦੀ ਸੂਹੀਆ ਏਜੰਸੀ ਆਈ ਐਸ ਆਈ ਅਤੇ ਹਿੰਦੁਸਤਾਨ ਦੀ ਅਜੰਸੀ ਰਾਅ ਦੀ ਮਿਲੀ ਜੁਲੀ ਸਕੀਮ ਅਧੀਨ ਹੋਇਆ ਸੀ।

ਪੱਛਮੀ ਬੰਗਾਲ ਵਿਚ ਸੀ ਪੀ ਆਈ (ਐਮ) ਦੀ ਸਰਕਾਰ ਨੂੰ ਖ਼ਤਮ ਕਰਨ ਲਈ ਪੁਰੂਲੀਆ ਵਿਚ ਇਹ ਹਥਿਆਰ ਕੁਝ ਗੈਂਗਾਂ ਨੂੰ ਦੇਣ ਲਈ ਸਿੱਟੇ ਗਏ ਸੀ। ਇਸ ਮਨਸੂਬੇ ਮੁਤਾਬਿਕ ਇਹ ਦਹਿਸ਼ਤਗਰਦਾਂ ਦੇ ਟੋਲੇ ਇਨ੍ਹਾਂ ਹਥਿਆਰਾਂ ਨਾਲ ਕਤਲੋਗਾਰਤ ਕਰਨਗੇ ਤੇ ਕੇਂਦਰੀ ਸਰਕਾਰ ਇਸ ਨੂੰ ਇਕ ਬਹਾਨਾ ਵਰਤ ਕੇ ਉਥੇ ਕਾਨੂੰਨ ਅਤੇ ਅਮਨ ਕਾਇਮ ਕਰਨ ਲਈ ਐਮਰਜੈਂਸੀ ਦਾ ਐਲਾਨ ਕਰਕੇ ਸਦਰ ਦਾ ਰੂਲ ਕਾਇਮ ਕਰ ਦੇਵੇਗੀ ਅਤੇ ਸੀ ਪੀ ਆਈ (ਐਮ) ਦੀ ਸਰਕਾਰ ਦੀ ਛੁੱਟੀ ਹੋ ਜਾਵੇਗੀ। ਇਸ ਸਾਰੇ ਬੰਦੋਬਸਤ ਦਾ ਇਹ ਟੀਚਾ ਸੀ।

ਕਿਮ ਡੇਵੀ ਨੇ ਖੁਲਾਸਾ ਕੀਤਾ ਹੈ ਕਿ ਉਸਨੂੰ ਜਹਾਜ਼ ਤੋਂ ਬੰਬਈ ਅਤੇ ਬੰਬਈ ਤੋਂ ਦਿੱਲੀ ਅਤੇ ਉਥੋਂ ਨੇਪਾਲ ਭੇਜਣ ਦਾ ਸਾਰਾ ਇੰਤਜ਼ਾਮ ਇਕ ਬੀ ਜੇ ਪੀ ਦੇ ਪਾਰਲੀਮੈਂਟ ਦੇ ਮੈਂਬਰ ਪੱਪੂ ਯਾਦਵ ਨੇ ਕੀਤਾ ਸੀ। ਉਸਨੇ ਵੀ ਪੀਟਰ ਬਲੀਚ ਵਾਂਗ ਕਿਹਾ ਹੈ ਕਿ ਬ੍ਰਿਟੇਨ, ਅਮਰੀਕਾ, ਪਾਕਿਸਤਾਨ ਅਤੇ ਹਿੰਦੁਸਤਾਨ ਦੀਆਂ ਅਜੰਸੀਆਂ ਦਾ ਇਹ ਸਾਂਝਾ ਪ੍ਰੋਜੈਕਟ ਸੀ। ਹਿੰਦੁਸਤਾਨ ਦੀ ਹਵਾਈ ਫ਼ੌਜ ਨੇ ਰਡਾਰ ਬੰਦ ਕਰ ਦਿੱਤੇ ਸੀ ਤਾਂ ਕਿ ਇਸ ਜਹਾਜ਼ ਦਾ ਕੋਈ ਪਤਾ ਨਾ ਲੱਗ ਸਕੇ। ਕਰਾਚੀ ਤੋਂ ਹਥਿਆਰਾਂ ਨਾਲ ਭਰਿਆ ਹੋਇਆ ਜਹਾਜ਼ ਪਾਕਿਸਤਾਨ, ਬ੍ਰਿਟੇਨ ਅਤੇ ਅਮਰੀਕਾ ਦੀਆਂ ਅਜੰਸੀਆਂ ਦੀ ਮਿਲੀਭੁਗਤ ਨਾਲ ਹੀ ਉਡਿਆ ਸੀ।

ਹਿੰਦੁਸਤਾਨ ਵਿਚ ਇਸ ਖ਼ਬਰ ਨੇ ਕਾਫੀ ਹੱਲਾ ਗੁੱਲਾ ਕਰਾ ਦਿਤਾ ਹੈ। ਸੀ ਪੀ ਆਈ (ਐਮ) ਦੇ ਜਨਰਲ ਸਕੱਤਰ ਪ੍ਰਕਾਸ਼ ਕਰਾਤ ਨੇ ਇਸ ਸਾਰੇ ਮਾਮਲੇ ਦੀ ਅਦਾਲਤੀ ਜਾਂਚ ਕਰਨ ਦੀ ਮੰਗ ਕੀਤੀ ਹੈ। ਹਿੰਦੁਸਤਾਨ ਦੀ ਸਰਕਾਰ ਨੇ ਕਿਹਾ ਹੈ ਕਿ ਇਸ ਬਾਰੇ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਉਸਦਾ ਕਹਿਣਾ ਹੈ ਕਿ ਦੋ ਵਿਦੇਸ਼ੀ ਬੰਦਿਆਂ ਦੇ ਬਿਆਨਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ ਜਾ ਸਕਦਾ। ਇਹ ਗੱਲ ਕਦੋਂ ਦੀ ਰਫਾਦਫ਼ਾ ਹੋ ਚੁੱਕੀ ਹੈ। ਉਹ ਇਹ ਵੀ ਕਹਿੰਦੀ ਹੈ ਕਿ ਕਾਂਗਰਸ ਦੀ ਸਰਕਾਰ ਦੇ ਬਾਅਦ ਕੇਂਦਰ ਵਿਚ ਬੀਜੇਪੀ ਦੀ ਵੀ ਸਰਕਾਰ ਰਹੀ ਹੈ ਅਤੇ ਉਸਨੇ ਵੀ ਇਸ ਬਾਰੇ ਛਾਣ ਬੀਨ ਕਰਨ ਦੀ ਕੋਈ ਲੋੜ ਨਹੀਂ ਸਮਝੀ ਸੀ ਇਸ ਲਈ ਹੁਣ ਦੱਬੇ ਹੋਏ ਮੁਰਦੇ ਉਖਾੜਨ ਦੀ ਕੋਈ ਲੋੜ ਨਹੀਂ।

ਕੇਂਦਰੀ ਸਰਕਾਰ ਅਤੇ ਕਾਂਗਰਸ ਨੂੰ ਯਕੀਨ ਹੈ ਕਿ ਬੀ ਜੇ ਪੀ ਵੀ ਇਸ ਕੇਸ ਨੂੰ ਖੋਲ੍ਹਣਾ ਨਹੀਂ ਚਾਹੁੰਦੀ ਕਿਉਂਕਿ ਜਿਸ ਵੇਲੇ ਪੀਟਰ ਬਲੀਚ ਨੂੰ ਹਿੰਦੁਸਤਾਨ ਦੇ ਸਦਰ ਨੇ ਮੁਆਫ਼ੀ ਦਿਤੀ ਸੀ ਉਸ ਵੇਲੇ ਕੇਂਦਰ ਵਿਚ ਬੀ ਜੇ ਪੀ ਦੀ ਹੀ ਸਰਕਾਰ ਸੀ ਅਤੇ ਇਸ ਦੀ ਸਿਫ਼ਾਰਸ਼ ਨਾਲ ਹੀ ਪੀਟਰ ਬਲੀਚ ਨੂੰ ਸਦਰ ਨੇ ਮੁਆਫ਼ੀ ਦਿਤੀ ਸੀ। ਇਹ ਹਥਿਆਰ ਕਾਂਗਰਸ ਦੇ ਰਾਜ ਵਿਚ ਸੁੱਟੇ ਗਏ ਸੀ ਜਿਸ ਸਮੇਂ ਨਰਸਿਮਹਾਂ ਪ੍ਰਧਾਨ ਮੰਤ੍ਰੀ ਸੀ। ਉਸਦੇ ਬਾਅਦ ਕੇਂਦਰ ਵਿਚ ਬੀ ਜੇ ਪੀ ਦੀ ਸਰਕਾਰ ਪੰਜ ਸਾਲ ਰਹੀ। ਇਸ ਲਈ ਸੀ ਪੀ ਆਈ (ਐਮ) ਅਤੇ ਹੋਰ ਲੋਕ ਦੋ ਚਾਰ ਦਿਨ ਰੌਲਾ ਪਾਉਣਗੇ ਅਤੇ ਇਸ ਲਈ ਕੁਝ ਕਰਨ ਦੀ ਲੋੜ ਨਹੀਂ ਹੈ। ਪੁਰੂਲੀਆ ਦੀ ਖ਼ਬਰ ਹੁਣ ਓਸਾਮਾ ਬਿਨ ਲਾਦਿਨ ਦੇ ਕਤਲ ਦੇ ਸ਼ੋਰ ਵਿਚ ਦੱਬ ਕੇ ਰਹਿ ਗਈ ਹੈ।

ਪੁਰੂਲੀਆ ਦਾ ਹਥਿਆਰ ਕਾਂਡ ਵਿਖਾਉਂਦਾ ਹੈ ਕਿ ਆਪਣੇ ਸੌੜੇ ਹਿਤਾਂ ਅਤੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਇਹ ਸਾਰੇ ਹਾਕਮ ਟੋਲੇ ਲੋਕਾਂ ਖ਼ਿਲਾਫ਼ ਕਿਵੇਂ ਇਕ ਮਿਕ ਹੋ ਜਾਂਦੇ ਹਨ ਅਤੇ ਕਿਸੇ ਵੀ ਤਰਾਂ ਦੀ ਕਤਲੋਗਾਰਤ ਕਰਨ ਤੋਂ ਕੋਈ ਗੁਰੇਜ਼ ਨਹੀਂ ਕਰਦੇ । ਦਹਿਸ਼ਤਗਰਦੀ ਅਤੇ ਕਤਲੋਗਾਰਤ ਹਾਕਮ ਟੋਲੇ ਅਤੇ ਸਾਮਰਾਜੀ ਤਾਕਤਾਂ ਹਮੇਸ਼ਾ ਹੀ ਆਪਣੇ ਹਿਤਾਂ ਲਈ ਵਰਤਦੀਆਂ ਹਨ। ਕਿਸੇ ਵੀ ਜਗ੍ਹਾ ਦੇਖ ਲਉ ਦਹਿਸ਼ਤਗਰਦੀ ਅਤੇ ਕਤਲੋਗਾਰਤ ਦੇ ਪਿੱਛੇ ਹਾਕਮ ਟੋਲੇ ਅਤੇ ਇਨ੍ਹਾਂ ਅਦਾਰਿਆਂ ਦਾ ਹੱਥ ਜ਼ਰੂਰ ਹੀ ਹੁੰਦਾ ਹੈ।